# ਸ਼ਾਨੇ ਖ਼ਾਤਮੁਲ ਅੰਬਿਆ




ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ :-

اِنَّ اللّٰہَ وَمَلٰٓئِکَتَہٗ یُصَلُّوۡنَ عَلَی النَّبِیِّ یٰۤاَیُّہَا الَّذِیۡنَ اٰمَنُوۡا صَلُّوۡا عَلَیۡہِ وَسَلِّمُوۡا تَسۡلِیۡمًا (سورۃ الاحزاب آیت:57)

ਇਨੱਲੱਾਹਾ ਵ ਮਲਾਇਕਾਤਾਹੂ ਯੁਸਲੂੱਨਾ ਅਲਨੱਬੀੱਯੇ ਯਾਅੱਯੋ ਹਲੱਜ਼ੀਨਾ ਆਮਾਨੂ ਸੱਲੂ ਅਲੈਹਿ ਵ ਸੱਲੇਮੂ ਤਸਲੀਮਾ ।

(ਸੂਰਹਤੁਲ ਅਹਜ਼ਾਬ 57)

ਅਰਥ : ਨਿਰਸੰਦੇਹ ਅਲੱਾਹ ਅਤੇ ਉਸਦੇ ਫ਼ਰਿਸ਼ਤੇ ਇਸ ਨਬੀ (ਸਲਲੱਾਹੁ ਅਲੈਹਿ ਵਸਲੱਮ) 'ਤੇ ਰਹਿਮਤ ਭੇਜਦੇ ਹਨ । ਹੇ, ਉਹ ਲੋਕੋ ! ਜੋ ਈਮਾਨ ਲਿਆਏ ਹੋ ! ਤੁਸੀਂ ਵੀ ਉਸ 'ਤੇ ਬਹੁਤ ਦੁਰੂਦ ਤੇ ਸਲਾਮ ਭੇਜੋ ।

اَللّٰھُمَّ صَلِّ عَلٰی مُحَمَّدٍ وَّعَلٰی اٰلِ مُحَمَّدٍ کَمَا صَلَّیْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ-

اَللّٰھُمَّ بَارِکْ عَلٰی مُحَمَّدٍ وَّعَلٰی اٰلِ مُحَمَّدٍ کَمَا بَارَکْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ

ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮਊਦ ਵ ਮਹਦੀ ਮਾਹੂਦ ਅਲਹਿ ਸਲਾਮ ਫ਼ਰਮਾਉਂਦੇ ਹਨ :-

"ਦੁਨੀਆ ਵਿੱਚ ਕੇਵਲ ਦੋ ਜੀਵਨ ਸਲਾਹੁਣ ਯੋਗ ਹਨ । (1) ਇਕ ਉਹ ਜੀਵਨ ਜੋ ਆਪ ਸਦਾ ਸਲਾਮਤ ਤੇ ਕਾਇਮ ਰਹਿਣ ਵਾਲੇ ਫ਼ੈਜ਼ ਦੇ ਸੋਮੇ, ਰੱਬ ਦਾ ਜੀਵਨ ਹੈ । (2) ਦੂਸਰਾ ਜੀਵਨ ਉਹ ਜੀਵਨ ਹੈ ਜੋ ਫ਼ੈਜ਼ ਬਖ਼ਸ਼ ਤੇ ਖ਼ੁਦਾ ਨੁਮਾ ਹੋਵੇ । ਸੋ, ਆਓ ਅਸੀਂ ਤੁਹਾਨੂੰ ਦਿਖਾਉਂਦੇ ਹਾਂ ਕਿ ਉਹ ਜੀਵਨ ਕੇਵਲ ਸਾਡੇ ਨਬੀ ਕਰੀਮ ਸਲਲੱਾਹੋ ਅਲੈਹਿ ਵਸਲੱਮ ਦਾ ਜੀਵਨ ਹੈ, ਜਿਸ'ਤੇ ਹਰ ਇਕ ਜ਼ਮਾਨੇ ਵਿੱਚ ਅਕਾਸ਼ ਗਵਾਹੀ ਦਿੰਦਾ ਰਿਹਾ ਹੈ ਅਤੇ ਹੁਣ ਵੀ ਦਿੰਦਾ ਹੈ । ਚੇਤੇ ਰੱਖੋ ਜਿਸ ਵਿੱਚ ਉਦਾਰਤਾ ਨਹੀਂ ਉਹ ਮੁਰਦਾ ਹੈ ਨ ਕਿ ਜੀਉਂਦਾ । ਮੈਂ ਉਸ ਰੱਬ ਦੀ ਸਹੁੰ ਖਾਕੇ ਕਹਿੰਦਾਂ ਹਾਂ ਕਿ ਜਿਸਦਾ ਨਾਂ ਲੈਕੇ ਝੂਠ ਬੋਲਣਾ ਬਦਜ਼ਾਤੀ ਹੈ ਕਿ ਰੱਬ ਨੇ ਮੈਂਨੂੰ ਮੇਰੇ ਬਜ਼ੁਰਗ ਜਿੰਨ੍ਹਾ ਦੀ ਆਗਿਆਕਾਰੀ ਲਾਜ਼ਮੀ ਹੈ, ਸਯੱਦਨਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੇ ਰੂਹਾਨੀ ਸਦੈਵੀ ਜੀਵਨ ਅਤੇ ਪੂਰੇ ਜਾਹੋ ਜਲਾਲ ਦਾ ਇਹ ਸਬੂਤ ਦਿਤੱਾ ਹੈ ਕਿ ਮੈਂ ਉਹਨਾਂ ਦੀ ਪੈਰ੍ਹਵੀ ਨਾਲ ਅਤੇ ਉਸਦੀ ਮੁਹਬੱਤ ਕਰਕੇ ਆਸਮਾਨੀ ਚਮਤਕਾਰਾਂ ਨੂੰ ਆਪਣੇ ਉਪੱਰ ਉਤਰਦਿਆਂ ਹੋਇਆਂ ਅਤੇ ਦਿਲ ਨੂੰ ਯਕੀਨ ਦੇ ਨੂਰ ਨਾਲ ਭਰਦਿਆਂ ਹੋਇਆਂ ਦੇਖਿਆ ਹੈ । ਅਨੇਕਾਂ ਹੀ ਗ਼ੈਬੀ ਨਿਸ਼ਾਨ (ਚਮਤਕਾਰ) ਦੇਖੇ ਕਿ ਉਹਨਾਂ ਖਿੜੇ ਹੋਏ ਨੂਰਾਂ ਰਾਹੀਂ ਮੈਂ ਆਪਣੇ ਰੱਬ ਨੂੰ ਦੇਖ ਲਿਆ ਹੈ ।"

(ਤਿਰਯਾਕੁਲ ਕੁਲੂਬ, ਰੂਹਾਨੀ ਖ਼ਜ਼ਾਇਨ, ਭਾਗ 12, ਪੰਨਾ 80 )

ਇਕ ਵੱਡਾ ਪ੍ਰਮਾਣ ਸਯੱਦਨਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਰੂਹਾਨੀ ਜੀਵਨ ਅਤੇ ਨਬੁਵੱਤ ਦੇ ਪ੍ਰਤਾਪ ਦੇ ਨਿਰੰਤਰ ਜਾਰੀ ਰਹਿਣ ਦਾ ਇਹ ਹੈ ਕਿ ਰੱਬ ਦਾ ਪ੍ਰੇਮ ਅਤੇ ਉਸਦੀ ਨੇੜਤਾ ਪ੍ਰਾਪਤ ਕਰਨ ਲਈ ਹਰ ਬਸ਼ਰ (ਮਨੁੱਖ) ਲਈ ਇਹ ਲਾਜ਼ਮ ਹੈ ਕਿ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਤਾਬਿਆਦਾਰੀ ਤੇ ਪੈਰ੍ਹਵੀ ਕਰੇ ।

ਪਰ ਇਸ ਜੁੱਗ ਦੇ ਮੁਸਲਮਾਨਾਂ ਦੇ ਅਮਲੀ ਜੀਵਨ ਉਪੱਰ ਨਜ਼ਰ ਮਾਰੀ ਜਾਵੇ ਤਾਂ ਅਤਿਅੰਤ ਦੁੱਖਦਾਇਕ ਅਵਸਥਾ ਸਾਹਮਣੇ ਆਉਂਦੀ ਹੈ ਕਿ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਮੂਨੇ ਨੂੰ ਛੱਡ ਕੇ ਪੀਰਾਂ ਫ਼ਕੀਰਾਂ ਦੇ ਪਿੱਛੇ ਪਏ ਹੋਏ ਹਨ ਸਗੋਂ ਜੀਉਂਦਿਆਂ ਤੋਂ ਵੱਧ ਕਬਰਾਂ ਵਿੱਚ ਦਫ਼ਨ ਹੋਏ ਪਏ ਬਜ਼ੁਰਗਾਂ ਤੋਂ ਆਪਣੀਆਂ ਲੋੜਾਂ ਪੂਰੀਆਂ ਕਰਾਉਂਣ ਦੀ ਚਿੰਤਾ ਵਿੱਚ ਲੀਨ ਦਿਸਦੇ ਹਨ ।

ਹਜ਼ਰਤ ਬਾਨੀ ਅਹਮਦੀਆਂ ਮੁਸਲਿਮ ਜਮਾਤ ਫ਼ਰਮਾਉਂਦੇ ਹਨ :–

"ਰੱਬ ਦਾ ਸਨੇਹ, ਮਨੁੱਖ ਆਪਣੇ ਅੰਦਰ ਕਾਮਲ ਤੌਰ'ਤੇ ਪੈਦਾ ਨਹੀਂ ਕਰ ਸਕਦਾ ਜੱਦ ਤੱਕ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਆਚਰਣ ਅਤੇ ਅਮਲਾਂ ਦੇ ਢੰਗਾਂ ਨੂੰ ਆਪਣਾ ਪੇਸ਼ਵਾ ਤੇ ਹਾਦੀ (ਮਾਰਗਦਰਸ਼ਕ) ਨ ਬਣਾਵੇ । ਸੋ, ਇਸ ਬਾਰੇ ਖ਼ੁੱਦ ਅਲੱਾਹ ਤਆਲਾ ਫ਼ਰਮਾਉਂਦਾ ਹੈ : قُلْ إِنْ كُنْتُمْ تُحِبُّوْنَ اللّٰهَ فَاتَّبِعُوْنِيْ يُحْبِبْكُمُ اللّٰهُ ਕੁਲ ਇਨ ਕੁਨਤੁਮ ਤੁਹਿੱਬੂਨਲੱਾਹਾ ਫ਼ਤੱਾਬਿਊਨੀ ਯੁਹਬਿਬਕੁਮੁਲੱਾਹੁ । ਅਰਥਾਤ ਅਲੱਾਹ ਦਾ ਮਹਿਬੂਬ ਬਨਣ ਲਈ ਜ਼ਰੂਰੀ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਕੀਤੀ ਜਾਵੇ । ਸੱਚੀ ਪੈਰ੍ਹਵੀ ਆਪ ਦੇ ਉੱਚੇ ਆਚਰਣਾ ਨੂੰ ਆਪਣੇ ਅੰਦਰ ਪੈਦਾ ਕਰਨਾ ਹੁੰਦਾ ਹੈ । ਪਰ ਦੁੱਖ ਦੀ ਗੱਲ ਹੈ ਕਿ ਅੱਜ ਕੱਲ ਲੋਕਾਂ ਨੇ ਪੈਰ੍ਹਵੀ ਤੋਂ ਭਾਵ ਕੇਵਲ ਰਫ਼ਾਯਦੈਨ (ਨਮਾਜ਼ ਪੜ੍ਹਨ ਲੱਗਿਆ ਤਕਬੀਰ ਕਰਦੇ ਸਮੇਂ ਦੋਵੇਂ ਹੱਥ ਉਪੱਰ ਉਠਾਉਂਣੇ), ਉੱਚੀ ਅਵਾਜ਼ ਵਿੱਚ ਆਮੀਨ ਆਖਣਾ ਤੇ ਤਰਜਨੀ ਚੁਕੱਣੀ ਆਦਿ ਨੂੰ ਹੀ ਲੈ ਲਿਆ ਹੈ । ਬਾਕੀ ਸਾਰੇ ਕਾਰਜਾਂ ਨੂੰ ਜੋ ਆਪ ਜੀ ਦੇ ਉੱਚੇ ਆਚਰਣ ਸਨ ਉਹਨਾਂ ਨੂੰ ਛੱਡ ਦਿੱਤਾ ......"

(ਅਖ਼ਬਾਰ ਅਲਹਕਮ ਜਿਲਦ 6, ਨੰਬਰ 27, ਪੰਨਾ 5 ਤੋਂ 8, ਮਿਤੀ 31 ਜੁਲਾਈ 1902)

ਇਕ ਹੋਰ ਵੱਡਾ ਪ੍ਰਮਾਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਰੂਹਾਨੀ ਜੀਵਨ ਅਤੇ ਜੀਵਨ ਬਖ਼ਸ਼ ਉਦਾਰਤਾ ਦੇ ਜਾਰੀ ਰਹਿਣ ਦਾ ਇਹ ਹੈ ਕਿ ਉਹ ਰੱਬ ਜੋ ਆਪਣੇ ਸਾਰੇ ਸੰਪੂਰਨ ਗੁਣਾ ਨਾਲ ਜੀਉਂਦਾ ਤੇ ਕਾਇਮ ਹੈ ਆਪਣੇ ਇਸ ਪਿਆਰੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਦੀ ਬਰਕਤ ਨਾਲ ਆਪਣੇ ਦਰਸ਼ਨਾ ਤੇ ਕਲਾਮ ਦਾ ਮਾਣ ਬਖ਼ਸ਼ਦਾ ਹੈ ਅਤੇ ਇਸ ਗੱਲ ਦਾ ਪ੍ਰਮਾਣ ਦਿੰਦਾ ਹੈ ਕਿ ਉਹ ਅੱਜ ਵੀ ਆਪਣੇ ਪਿਆਰਿਆਂ ਨਾਲ ਕਲਾਮ ਕਰਦਾ ਹੈ ਜੱਦ ਕਿ ਹੋਰਨਾ ਨਬੀਆਂ ਦੇ ਪੈਰੋਕਾਰ ਇਸ ਪੱਖੋਂ ਆਪਣੇ ਨਬੀਆਂ ਦੇ ਰੂਹਾਨੀ ਜੀਵਨ ਦਾ ਪ੍ਰਮਾਣ ਪੇਸ਼ ਕਰਨ ਤੋਂ ਵਾਂਝੇ ਹਨ ।

ਇੱਥੇ ਸੰਕੇਤਕ ਤੌਰ'ਤੇ ਇਹ ਵੀ ਦਸ ਦੇਣਾ ਜ਼ਰੂਰੀ ਲਗਦਾ ਹੈ ਕਿ ਬਦਕਿਸਮਤੀ ਨਾਲ ਆਮ ਮੁਸਲਮਾਨ ਇਹ ਅਕੀਦਾ ਰੱਖਦੇ ਹਨ ਕਿ ਹਜ਼ਰਤ ਈਸਾ ਅਲੈਹਿ ਸਲਾਮ ਆਮ ਮਨੁੱਖਾ ਤੇ ਦੂਜਿਆਂ ਨਬੀਆਂ ਤੇ ਰਸੂਲਾਂ ਵਾਂਗ ਫ਼ੌਤ ਨਹੀਂ ਹੋਏ ਸਗੋਂ ਦੋ ਹਜ਼ਾਰ ਸਾਲ ਤੋਂ ਆਕਾਸ਼ ਉਪੱਰ ਜੀਉਂਦੇ ਬੈਠੇ ਹੋਏ ਹਨ ਅਤੇ ਅੰਤਮ ਯੁੱਗ ਵਿੱਚ ਆਪਣੇ ਪਹਿਲੇ ਸ਼ਰੀਰ ਨਾਲ ਆਕਾਸ਼ ਤੋਂ ਨਾਜ਼ਲ ਹੋਕੇ ਮੁਸਲਮਾਨਾਂ ਦਾ ਸੁਧਾਰ ਕਰਨਗੇ ਅਤੇ ਇਸਲਾਮ ਨੂੰ ਗ਼ਾਲਬ ਕਰਨਗੇ । ਇਹ ਅਕਲ ਦੇ ਵਿਰੁਧ, ਮਨੁੱਖੀ ਸੁਭਾਵ ਦੇ ਵਿਰੁਧ, ਇਲਾਹੀ ਮਰਯਾਦਾ ਦੇ ਵਿਰੁਧ ਅਤੇ ਕੁਰਆਨ ਕਰੀਮ ਦੇ ਵਿਰੁਧ ਅਕੀਦਾ (ਆਸਥਾ) ਹੈ ਜੋ ਈਸਾਈਆਂ ਤੋਂ ਮੁਸਲਮਾਨਾਂ ਵਿੱਚ ਵੀ ਪ੍ਰਵਰਤਿਤ ਹੋਇਆ ਹੈ ਅਤੇ ਸਦੀਆਂ ਤੋਂ ਚਲਿਆ ਆ ਰਿਹਾ ਸੀ । ਪਰ ਅਲੱਾਹ ਤਆਲਾ ਨੇ ਬਾਨੀ ਅਹਮਦੀਆ ਮੁਸਲਿਮ ਜਮਾਤ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਇਸ ਪ੍ਰਚਲਿਤ ਗ਼ਲਤ ਅਕੀਦੇ (ਆਸਥਾ) ਉਪੱਰ ਕਾਇਮ ਨਹੀਂ ਰਹਿਣ ਦਿੱਤਾ ਅਤੇ 1890 ਈ. ਦੇ ਅੰਤ ਵਿੱਚ ਆਪਣੇ ਵਿਸ਼ੇਸ਼ ਇਲਹਾਮ (ਇਲਾਹੀ ਕਲਾਮ) ਰਾਹੀਂ ਹਜ਼ਰਤ ਈਸਾ ਅਲੈਹਿ ਸਲਾਮ ਦੀ ਮੌਤ ਬਾਰੇ ਸੂਚਨਾ ਦੇਕੇ ਫ਼ਰਮਾਇਆ ਕਿ :–

"ਮਸੀਹ ਇਬਨੇ ਮਰਯੱਮ ਰਸੂਲੁਲੱਾਹ ਫ਼ੌਤ ਹੋ ਚੁੱਕਾ ਹੈ । ਉਸ ਦੇ ਰੂਪ ਵਿੱਚ ਤੂੰ ਵਾਦੇ ਅਨੁਸਾਰ ਆਇਆ ਹੈਂ ।

وَكَانَ وَعْدُ اللّٰهِ مَفْعُوْلًا ਵਕਾਨਾ ਵਾਦਲੱਾਹੇ ਮਫ਼ਊਲਾ ।

(ਕਿਤਾਬ ਅਜ਼ਾਲਾ ਔਹਾਮ ਭਾਗ 2, ਰੂਹਾਨੀ ਖ਼ਜ਼ਾਇਨ ਭਾਗ 3, ਪੰਨਾ 412)

ਸੋ, ਆਪਨੇ ਕੁਰਆਨ ਕਰੀਮ ਦੀਆਂ 30 ਆਇਤਾਂ ਤੋਂ ਸਿੱਧ ਕੀਤਾ ਕਿ ਹਜ਼ਰਤ ਈਸਾ ਅਲੈਹਿ ਸਲਾਮ ਆਮ ਮਨੁੱਖਾਂ ਤੇ ਦੂਜਿਆਂ ਨਬੀਆਂ ਵਾਂਗ ਫ਼ੌਤ ਹੋ ਚੁੱਕੇ ਹਨ । ਆਪ ਇਕ ਹੋਰ ਥਾਂ'ਤੇ ਫ਼ਰਮਾਉਂਦੇ ਹਨ :–

"ਨਾਦਾਨ ਲੋਕ ਕਹਿੰਦੇ ਹਨ ਕਿ ਈਸਾ (ਅਲੈਹਿ ਸਲਾਮ) ਆਕਾਸ਼ ਉਪੱਰ ਜੀਉਂਦੇ ਹਨ, ਜੱਦ ਕਿ ਜੀਉਂਦੇ ਹੋਣ ਦੀਆਂ

ਨਿਸ਼ਾਨੀਆਂ ਤਾਂ ਹਜ਼ਰਤ ਮੁਹੰਮਦ ਸਲਲੱਾਹੁ ਅਲੈਹਿ ਵਸਲੱਮ ਦੇ ਵਜੂਦ ਵਿੱਚ ਦੇਖਦਾ ਹਾਂ । ਉਹ ਖ਼ੁਦਾ ਜਿਸ ਨੂੰ ਦੁਨੀਆ ਨਹੀਂ ਜਾਣਦੀ, ਅਸੀਂ ਉਸ ਖ਼ੁਦਾ ਨੂੰ ਇਸ ਨਬੀ ਰਾਹੀਂ ਦੇਖ ਲਿਆ ਅਤੇ ਉਹ ਇਲਾਹੀ ਵਹੀ (ਇਲਾਹੀ ਕਲਾਮ) ਦਾ ਦਰ ਜੋ ਦੂਸਰੀਆਂ ਕੌਮਾਂ ਉਪੱਰ ਬੰਦ ਹੈ ਕੇਵਲ ਸਾਡੇ ਇਸ ਨਬੀ ਦੀ ਬਰਕਤ ਰਾਹੀਂ ਖੋਲਿਆ ਗਿਆ ਹੈ ਅਤੇ ਉਹ ਚਮਤਕਾਰ ਜੋ ਦੂਜੀਆਂ ਕੌਮਾਂ ਕੇਵਲ ਕਿੱਸੇ ਕਹਾਣੀਆਂ ਵਾਂਗ ਵਰਨਣ ਕਰਦੀਆਂ ਹਨ ਅਸੀਂ ਇਸ ਨਬੀ ਰਾਹੀਂ ਉਹ ਚਮਤਕਾਰ ਵੀ ਦੇਖ ਲਏ ਅਤੇ ਅਸੀਂ ਇਸ ਨਬੀ ਦਾ ਉਹ ਮਰਤਬਾ ਦੇਖਿਆ ਜਿਸ ਦੇ ਸਾਹਮਣੇ ਕੋਈ ਮਰਤਬਾ ਨਹੀਂ । ਪਰ ਹੈਰਾਨੀ ਹੈ ਕਿ ਦੁਨੀਆ ਇਸ ਤੋਂ ਅਨਜਾਣ ਹੈ ।'' (ਚਸ਼ਮਾਏ ਮਸੀਹੀ ਪੰਨਾ 22)

ਇਕ ਹੋਰ ਥਾਂ ਆਪ ਜੀ ਫ਼ਰਮਾਉਂਦੇ ਹਨ :-

''ਸਾਡੇ ਧਰਮ ਦਾ ਸਾਰ ਅਤੇ ਸਿੱਟਾ ਇਹ ਹੈ ਕਿ لَا اِلٰهَ اِلَّا اللّٰهُ مُحَمَّدٌ رَّسُوْلُ اللّٰهِ ਲਾ ਇਲਾਹਾ ਇਲਲੱਾਹੁ ਮੁਹਮੱਾਦੁਰ ਰਸੂਲੁਲੱਾਹਿ । ਸਾਡੀ ਆਸਥਾ ਜੋ ਅਸੀਂ ਇਸ ਸੰਸਾਰਕ ਜੀਵਨ ਵਿੱਚ ਰੱਖਦੇ ਹਾਂ ਜਿਸ ਦੇ ਨਾਲ ਅਸੀਂ ਰੱਬ ਦੀ ਅਪਾਰ ਕ੍ਰਿਪਾ ਕਰਕੇ ਇਸ ਨਾਸ਼ਵਾਨ ਸੰਸਾਰ ਵਿੱਚੋਂ ਕੂਚ ਕਰਾਂਗੇ ਇਹ ਹੈ ਕਿ ਹਜ਼ਰਤ ਸਯੱਦਨਾ ਵ ਮੌਲਾਨਾ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ 'ਖ਼ਾਤਾਮਨ ਨਬੀੱਯੀਨ ਵ ਖ਼ੈਰੁਲ ਮੁਰਸਲੀਨ' ਹਨ ਜਿਨ੍ਹਾ ਰਾਹੀਂ ਧਰਮ ਦੀ ਸੰਪੂਰਨਤਾ ਹੋ ਚੁੱਕੀ ਹੈ ਅਤੇ ਉਹ ਨੇਮਤ ਆਪਣੇ ਅੰਤ ਨੂੰ ਪਹੁੰਚ ਚੁਕੀ ਹੈ ਜਿਸ ਰਾਹੀਂ ਮਨੁੱਖ ਸੁਮਾਰਗ ਨੂੰ ਅਪਣਾਕੇ ਖ਼ੁਦਾ ਤਆਲਾ ਤੱਕ ਪਹੁੰਚ ਸਕਦਾ ਹੈ ।''(ਅਜ਼ਾਲਾ ਔਹਾਮ ਰੂਹਾਨੀ ਖ਼ਜ਼ਾਇਨ ਭਾਗ 3, ਪੰਨਾ 170)

ਗ਼ੈਰ ਅਹਮਦੀ ਮੌਲਵੀਆਂ ਵਿੱਚੋਂ ਅਲਹਾਜ ਮੌਲਾਨਾ ਕਾਰੀ ਮੁਹਮੱਦ ਤਯੱਬ ਸਾਹਬ ਮਰਹੂਮ ਮੁਹਤਮਿਮ ਦਾਰੁਲ ਉਲੂਮ ਦਿਓਬੰਦ ਅਤਿਅੰਤ ਰੌਸ਼ਨ ਵਿਚਾਰਧਾਰਾ ਵਾਲੇ ਤੇ ਬਿਬੇਕੀ ਵਿਦਵਾਨ ਸਨ, ਉਹਨਾ ਨੇ ''ਆਫ਼ਤਾਬੇ ਨਬੁਵੱਤ'' ਦੇ ਨਾਂ ਨਾਲ ਇਕ ਕਿਤਾਬ ਲਿੱਖੀ ਜਿਸ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਆਫ਼ਤਾਬੇ ਨਬੁਵੱਤ ਉਪੱਰ ਭਰਪੂਰ ਬਹਿਸ ਕੀਤੀ ਹੈ । ਇਸ ਕਿਤਾਬ ਵਿੱਚ ਆਪ ਲਿੱਖਦੇ ਹਨ :

''ਹਜ਼ੂਰ ਦੀ ਸ਼ਾਨ ਕੇਵਲ ਨਬੁਵੱਤ ਹੀ ਨਹੀਂ ਉਭਰਦੀ ਸਗੋਂ ਨਬੁਵੱਤ ਬਖ਼ਸ਼ ਵੀ ਬਣਦੀ ਹੈ । ਜੋ ਵੀ ਨਬੁਵੱਤ ਦੀ ਯੋਗਤਾ ਪਾਉਂਦਾ ਮਨੁੱਖ ਆਪ ਸਲਲੱਾਹੁ ਅਲੈਹਿ ਵਲੱਮ ਦੇ ਸਾਹਮਣੇ ਆਗਿਆ ਨਬੀ ਹੋ ਗਿਆ ਅਤੇ ਇਹੋ ਸ਼ਾਨ 'ਖ਼ਾਤਮ' ਦੀ ਹੁੰਦੀ ਹੈ ...... ਆਪ ਸਲਲੱਾਹੁ ਅਲੈਹਿ ਵਸਲੱਮ ਦੀ ਇਹ ਲਾਹੇਵੰਦ ਉਦਾਰਤਾ ਅਤੇ ਨਬੁਵੱਤ ਦੀ ਸੰਪੂਰਨਤਾ ਦਾ ਸੋਮਾ ਹੋਣ ਦਾ ਨਿਵੇਕਲਾ ਮਾਣ ਆਦਿ ਮਾਨਵ ਤੋਂ ਅਰੰਭ ਹੋਕੇ ਸ੍ਰਿਸ਼ਟੀ ਦੇ ਅੰਤ ਤੱਕ ਜਾ ਪਹੁੰਚਿਆ ।'' (ਆਫ਼ਤਾਬੇ ਨਬੁਵੱਤ ਪੰਨਾ 109-111)

ਇਹ ਮਹਾਨ ਤੇ ਉਚੱਤਮ ਅਸਥਾਨ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਤੋਂ ਪਹਿਲਾਂ ਕਿਸੇ ਹੋਰ ਨਬੀ ਨੂੰ ਪ੍ਰਾਪਤ ਨਹੀਂ ਹੋਇਆ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :-

'' ਉਸ ਜਲਾਲ ਵਾਲੇ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਸਾਹਿਬੇ ਖ਼ਾਤਮ ਬਣਾਇਆ ਅਰਥਾਤ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਬਿਬੇਕ (ਫ਼ੈਜ਼) ਦੀ ਸੰਪੂਰਨਤਾ ਲਈ ਮੁਹਰ ਦਿੱਤੀ ਜੋ ਕਿਸੇ ਹੋਰ ਨਬੀ ਨੂੰ ਕਦੇ ਵੀ ਨਹੀਂ ਦਿੱਤੀ ਗਈ । ਇਸੇ ਕਰਕੇ ਆਪ ਜੀ ਦਾ ਨਾਂ ਖ਼ਾਤਾਮਨ ਨਬੀੱਯੀਨ ਰੱਖਿਆ ਗਿਆ ਅਰਥਾਤ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਨਬੁਵੱਤ ਨੂੰ ਸੰਪੂਰਨਤਾ ਬਖ਼ਸ਼ਦੀ ਹੈ ਅਤੇ ਆਪ ਜੀ ਦਾ ਧਿਆਨ ਰੂਹਾਨੀ ਨਬੀ ਤਰਾਸ਼ ਹੈ । ਇਹ ਪਵਿੱਤਰ ਸ਼ਕਤੀ ਕਿਸੇ ਹੋਰ ਨਬੀ ਨੂੰ ਨਹੀਂ ਮਿਲੀ ।''

(ਹਕੀਕਾਤੁਲ ਵਹੀ ਰੂਹਾਨੀ ਖ਼ਜ਼ਾਇਨ ਭਾਗ 22 ਪੰਨਾ 100 ਹਾਸ਼ੀਆ)

ਇਮਾਮ ਅਹਮਦੀਆ ਮੁਸਲਿਮ ਜਮਾਤ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਖ਼ਲੀਫ਼ਾਤੁਲ ਮਸੀਹ ਖ਼ਾਮਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ (ਪੰਜਵੇਂ ਰੂਹਾਨੀ ਖ਼ਲੀਫ਼ਾ) ਫ਼ਰਮਾਉਂਦੇ ਹਨ :-

''ਅਸੀਂ ਬੁਲੰਦ ਡੰਕੇ ਦੀ ਚੋਟ ਨਾਲ ਇਸ ਗੱਲ ਦੀ ਘੋਸ਼ਣਾ ਕਰਦੇ ਹਾਂ ਕਿ ਮਸੀਹ ਮੁਹਮੱਦੀ ਦੇ ਆਉਣ ਨਾਲ ਹੀ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਮੁਕਾਮ ਖ਼ਤਮੀਯਤ ਵਿੱਚ ਵਾਧਾ ਹੁੰਦਾ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਦੇ ਉਮੱਤੀ ਨੂੰ ਇਹ ਬੁਲੰਦ ਮੁਕਾਮ ਮਿਲਣਾ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਮਹਾਨਤਾ ਦਾ ਪ੍ਰਗਟਾਵਾ ਹੈ । ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਆਪਣੇ ਇਕ ਸ਼ੇਅਰ ਵਿੱਚ ਇਉਂ ਫਰਮਾਉਂਦੇ ਹਨ ਕਿ :

ਬਰ ਤਰ ਗੁਮਾਨ ਵ ਵਹਮ ਸੇ ਅਹਮਦ ਕੀ ਸ਼ਾਨ ਹੈ ।
ਜਿਸ ਕਾ ਗ਼ੁਲਾਮ ਦੇਖੋ ਮਸੀਹ ਉਜ਼ੱਮਾਨ ਹੈ ।।

ਸੋ, ਅਸੀਂ ਤਾਂ ਇਸ ਸਿੱਖਿਆ ਨੂੰ ਆਪਣੀ ਹਿੱਕ ਨਾਲ ਲਾਈ ਹਜ਼ਰਤ ਮੁਹੱਮਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੀ ਅਤਿ ਉਤੱਮ ਮਹਾਨਤਾ ਨੂੰ ਕਾਇਮ ਕਰਨ ਵਾਲੇ ਹਾਂ । (ਇਖ਼ਤਤਾਮੀ ਖ਼ਤਾਬ ਜਲਸਾ ਸਾਲਾਨਾ ਜਰਮਨੀ 27 ਜੂਨ 2010 ਈ.)

ਬਾਨੀ ਅਹਮਦੀਆ ਮੁਸਲਿਮ ਜਮਾਤ ਅਲੈਹਿ ਸਲਾਮ ਫ਼ਰਮਾਉਂਦੇ ਹਨ :–

"ਸੋ, ਅਸੀਂ ਅਪਣੇ ਪਵਿੱਤਰ ਤੇ ਜਲਾਲ ਵਾਲੇ ਰੱਬ ਦਾ ਕੀ ਧੰਨਵਾਦ ਕਰੀਏ ਕਿ ਉਸ ਨੇ ਆਪਣੇ ਪਿਆਰੇ ਨਬੀ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਸਨੇਹ ਤੇ ਪੈਰ੍ਹਵੀ ਦੀ ਤੌਫ਼ੀਕ ਦੇਕੇ ਅਤੇ ਫਿਰ ਉਸ ਸਨੇਹ ਤੇ ਪੈਰ੍ਹਵੀ ਦੇ ਰੂਹਾਨੀ ਫ਼ੈਜ਼ (ਉਦਾਰਤਾ) ਤੋਂ ਜੋ ਸਚੱਾ ਤਕਵਾ (ਸੰਜਮਤਾ) ਅਤੇ ਸੱਚੇ ਆਕਾਸ਼ੀ ਚਮਤਕਾਰ ਹਨ, ਪੂਰਨ ਭਾਗ ਬਖਸ਼ ਕੇ ਸਾਡੇ ਉਪੱਰ ਪ੍ਰਮਾਣਤ ਕਰ ਦਿੱਤਾ ਕਿ ਉਹ ਸਾਡਾ ਪਿਆਰਾ ਮਹਾਨ ਨਬੀ ਫ਼ੌਤ ਨਹੀਂ ਹੋਇਆ ਸਗੋਂ ਸਭ ਤੋਂ ਉਚੱਤਮ ਆਕਾਸ਼ ਉਪੱਰ ਆਪਣੇ ਸਰਬ ਸ਼ਕਤੀਮਾਨ ਮਾਲਕ ਦੇ ਸੱਜੇ ਪਾਸੇ ਮਹਾਨਤਾ ਤੇ ਜਲਾਲ ਵਾਲੇ ਤਖ਼ਤ ਉਪੱਰ ਬੈਠਾ ਹੈ ।

اَللّٰهُمَّ صَلِّ عَلَيْهِ وَبَارِكْ وَسَلِّمْ اِنَّ اللّٰهَ وَمَلٰٓئِكَتَهٗ يُصَلُّوْنَ عَلَى النَّبِيِّ يٰٓاَيُّهَا الَّذِيْنَ اٰمَنُوْا صَلُّوْا عَلَيْهِ
وَسَلِّمُوْا تَسْلِيْمًا

ਅਲੱਾਹੁਮੱਾ ਸੱਲੇ ਅਲੈਹਿ ਵ ਬਾਰਿਕ ਵ ਸੱਲਿਮ ਇਨੱਲੱਾਹਾ ਵ ਮਲਾਇਕਾਤਹੂ ਯੁਸਲੂੱਨਾ ਅਲਾ ਨਬੀੱਯੇ ਯਾ ਅੱਯੋਹਲੱਜ਼ੀਨਾ ਆਮਾਨੂਸੱਲੂ ਅਲੈਹਿ ਵ ਸੱਲੇਮੂ ਤਸਲੀਮਾ । (ਤੁਰਿਯਾਕੁਲ ਕੁਲੂਬ ਪੰਨਾ 5 ਤੋਂ 7)

★★★★★★★★★★★★★★

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :–


**Ahmadiyya Muslim Jama'at, India**
Head office
**Nazarat Dawat Ilallah**
Mohallah Ahmadiyya, Qadian
District – Gursaspur, Punjab 143516. INDIA.

www.ahmadiyyamuslimjamaat.in
Email:info@ahmadiyyamuslimjamaat.in

National Toll Free Number : 1800-3010-2131


MUSLIM TELIVISION AHMADIYYA INTERNATIONAL (www.mta.tv)
Satelite : Asiasat 3s,degree : 105.5 East, Frequency : 3760
symbol Rate : 26000 FEC : Auto

ABS-1, Degree : 75 East, Frequency : 12579
Pol : H, Symbol Rate : 22000, 22K : ON
**KU Band 60 CM Dish Antenna**


Printed at Fazl-e-Umar Printing Press, Qadian
August 2013


